# ਕੁਟੇਸ਼ਨ ਨੋਟਿਸ

ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਪੰਜਬਾ ਵੱਲੋ ਵੱਖ- ਵੱਖ ਪਿੰਡਾਂ ਵਿੱਚ ਲੋਕਾਂ ਨੂੰ ਸਾਫ ਪਾਣੀ ਮੁਹੱਈਆ ਕਰਵਾਉਣ ਲਈ ਆਰ. ਓ. ਪਲਾਂਟ ਲਗਾਏ ਗਏ ਸਨ। ਉਨਾਂ ਆਰ. ਓ. ਪਲਾਂਟਾਂ ਦੀ ਦੇਖ ਰੇਖ , ਸਾਂਭ ਸੰਭਾਲ ਅਤੇ ਚਲਾਉਣ ਲਈ ਮਿਤੀ ( 01-04-2023 ਤੋਂ 31-03-2024 ਤੱਕ ) ਸਬੰਧੀ ਕੁਟੇਸ਼ਨਾਂ ਦੀ ਮੰਗ ਕੀਤੀ ਜਾਂਦੀ ਹੈ। ਕੁਟੇਸ਼ਨਾਂ ਮਿਤੀ 28-04-2023 ਨੂੰ ਸਵੇਰੇ 11.00 ਵਜੇ ਲਈਆਂ ਜਾਣਗੀਆਂ ਅਤੇ ਉਸ ਦਿਨ ਹਾਜਰ ਏਜੰਸੀਆਂ / ਠੇਕੇਦਾਰਾਂ ਦੀ ਹਾਜਰੀ ਵਿੱਚ ਸ਼ਾਮ 03.00 ਵਜੇ ਖੋਲੀਆਂ ਜਾਣਗੀਆਂ । ਨਿਮਨਹਸਤਾਖਰ ਕੋਲ ਬਿਨਾਂ ਕਾਰਨ ਦੱਸੇ ਕੋਈ ਵੀ ਜਾਂ ਸਾਰੀਆਂ ਕੁਟੇਸ਼ਨਾਂ ਰੱਦ ਕਰਨ ਦਾ ਰਾਖਵਾਂ / ਅਧਿਕਾਰ ਹੋਵੇਗਾ ਅਤੇ ਹੇਠ ਦਰਜ ਵੇਰਵੇ ਅਨੁਸਾਰ ਆਰ.ਓ. ਪਲਾਂਟ ਸਬੰਧੀ ਕੁਟੇਸ਼ਨਾਂ ਲਾਈਆਂ ਜਾਣਗੀਆਂ।

| ਲੜੀ ਨੰ | ਕੰਮ ਦਾ ਵੇਰਵਾ | ਠੇਕੇਦਾਰ ਵੱਲੋ ਦਿੱਤੇ ਜਾਣ ਵਾਲੇ ਰੇਟ |
|---|---|---|
| 1 | 2 | 3 |
| 1 | 10 ਨੰ ਆਰ. ਓ. ਪਲਾਂਟਾਂ ਦੀ ਦੇਖ ਰੇਖ / ਸਾਭ ਸੰਭਾਲ ਅਤੇ ਚਲਾਉਣਾ ( ਦੱਦਾਹੂਰ, ਗੱਜਣਵਾਲਾ, ਘੱਲ ਕਲਾਂ, ਰੱਤੀਆਂ, ਜੈਮਲਵਾਲਾ, ਗਿੱਲ, ਲੰਡੇ ਕੇ, ਡੀ.ਏ.ਸੀ ਮੋਗਾ, ਨਿਧਾਂਵਾਲਾ, ਵੱਡਾ ਘਰ ) | |

**ਸ਼ਰਤਾਂ:**

1. ਪਿੰਡ ਦੀ ਲੋੜ ਅਨੁਸਾਰ ਘਰ ਨੂੰ ਪਾਣੀ ਮੁਹਈਆ ਕਰਵਾਉਣ ਲਈ ਆਰ. ਓ. ਪਲਾਂਟ ਨੂੰ ਚਲਾਉਣਾ, ਸਾਂਭ ਸੰਭਾਲ ਕਰਨੀ, ਸਫਾਈ ਕਰਨੀ, ਰਾਖੀ ਕਰਨੀ।
2. ਬੀ. ਆਈ. ਐੱਸ ਸਟੈਡਰਜ ਅਨੁਸਾਰ ਪਾਣੀ ਦੀ ਕੁਆਲਿਟੀ ਮੇਨਟੇਨ ਰੱਖਣੀ।
3. ਖਪਤਕਾਰਾਂ ਤੋਂ ਸਰਕਾਰੀ ਰੇਟ ਅਨੁਸਾਰ 100 ਰੁਪੈ ਪ੍ਰਤੀ 20 ਲੀਟਰ ਪ੍ਰਤੀ ਦਿਨ ਦੇ ਹਿਸਾਬ ਨਾਲ ਚਾਰਜ ਇਕੱਠਾ ਕਰਨਾ।
4. ਮੌਜੂਦਾ ਸਮੇ ਵਿੱਚ ਸਰਕਾਰ ਵੱਲੋ ਆਰ. ਓ. ਪਲਾਂਟ ਅਤੇ ਜਲ ਸਪਲਾਈ ਸਕੀਮਾਂ ਦੇ ਬਿਜਲੀ ਦੇ ਬਿੱਲਾਂ ਦੀ ਅਦਾਇਗੀ ਆਪਣੇ ਪੱਧਰ ਉੱਪਰ ਕੀਤੀ ਜਾ ਰਹੀ ਹੈ।ਜੇਕਰ ਇਸ ਸਬੰਧੀ ਆਉਣ ਵਾਲੇ ਸਮੇ ਵਿੱਚ ਸਰਕਾਰ ਦਾ ਕੋਈ ਹੁਕਮ ਹੁੰਦਾ ਹੈ ਤਾਂ ਠੇਕੇਦਾਰ / ਫਰਮ ਨੂੰ ਉਸ ਦੀ ਪਾਲਣਾ ਕਰਨੀ ਜਰੂਰੀ ਹੋਵੇਗੀ।
5. ਆਰ. ਓ. ਪਲਾਂਟ ਨੂੰ ਚਲਾਉਣ ਅਤੇ ਦੇਖਭਾਲ ਸਬੰਧੀ ਲਗਾਏ ਗਏ ਸਟਾਫ ਨੂੰ ਬਣਦੀ ਤਨਖਾਹ ਸਮੇ ਸਿਰ ਦੇਣ ਦੀ ਜਿੰਮੇਵਾਰੀ ਠੇਕੇਦਾਰ / ਫਰਮ ਦੀ ਹੋਵੇਗੀ।
6. ਸ਼ੋਸ਼ਲ ਗਤੀਵਿਧੀਆਂ ਰਾਂਹੀ ਲੋਕਾਂ ਨੂੰ ਸਾਫ ਅਤੇ ਸਵੱਛ ਪਾਣੀ ਦੀ ਮਹੱਤਤਾ ਅਤੇ ਪਾਣੀ ਦੀ ਬਰਬਾਦੀ ਨੂੰ ਰੋਕਣਾ ਸਬੰਧੀ ਜਾਗ੍ਰਿਤ ਕਰਨਾ ਹੋਵੇਗਾ ਅਤੇ ਖਪਤਕਾਰਾਂ ਦੀ ਗਿਣਤੀ ਵਧਾਉਣ ਦੇ ਯਤਨ ਕਰਨੇ ਹੋਣਗੇ।
7. ਠੇਕੇ ਦਾ ਸਮਾਂ ਪੂਰਾ ਹੋਣ ਤੇ ਆਰ. ਓ. ਪਲਾਂਟ ਚਾਲੂ ਹਾਲਤ ਵਿੱਚ ਦੇਣ ਦੀ, ਬਿਜਲੀ ਦੇ ਬਿੱਲ ਦੀ ਮੁਕਮੰਲ ਅਦਾਇਗੀ ਹੋਣ ਦੀ ਅਤੇ ਸਟਾਫ ਦੀ ਪੂਰੀ ਤਨਖਾਹ ਦੇਣ ਦੀ ਜਿੰਮੇਵਾਰੀ ਠੇਕੇਦਾਰ / ਫਰਮ ਦੀ ਹੋਵੇਗੀ।
8. ਕਿਸੇ ਵੀ ਕਿਸਮ ਦੇ ਝਗੜੇ ਦੀ ਸੂਰਤ ਵਿੱਚ ਕਾਰਜਕਾਰੀ ਇੰਜੀਨੀਅਰ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ -1 ਮੋਗਾ ਜੀ ਦਾ ਫੈਸਲਾ ਅੰਤਿਮ ਹੋਵੇਗਾ।
9. ਠੇਕੇਦਾਰ / ਫਰਮ ਆਰ. ਓ. ਸਬੰਧੀ ਹੇਠ ਲਿਖੀਆਂ ਰਿਕਾਰਡ ਵੀ ਮੇਨਟੇਨ ਕਰੇਗਾ, ਜੋ ਕਿ ਮੌਕੇ ਤੇ ਨਿਰੀਖਕ

ਅਧਿਕਾਰੀਆਂ ਨੂੰ ਦਿਖਾਵੇਗਾ ਅਤੇ ਹਰ ਮਹੀਨੇ ਇਸ ਦੀ ਸੂਚਨਾ ਵਿਭਾਗ ਨੂੰ ਦੇਵੇਗਾ।

(i) ਵਾਟਰ ਟੈਸਟਿੰਗ ਸਬੰਧੀ ਪ੍ਰਤੀ ਮਹੀਨਾ ਘੱਟੋ ਘੱਟ ਇਕ ਕੈਮੀਕਲ ਅਤੇ ਇੱਕ ਬੈਕਟੀਰੀਓਲੋਜੀਕਲ ਟੈਸਟ ਕਰਵਾਉਣਾ

( ii ) ਆਰ. ਓ. ਪਲਾਂਟ ਦੇ ਪਾਣੀ ਲੈਣ ਵਾਲੇ ਖਪਤਕਾਰਾਂ ਦੀ ਸੂਚੀ।

10. ਆਰ. ਓ. ਪਲਾਂਟ ਦੀ ਰਿਪੇਅਰ ਕਰਵਾਉਣ ਦੀ ਜਿੰਮੇਵਾਰੀ ਠੇਕੇਦਾਰ / ਫਰਮ ਦੀ ਹੋਵੇਗੀ।

( ਨੋਟ :- ਠੇਕੇਦਾਰ / ਫਰਮ ਵੱਲੋ ਆਰ. ਓ. ਪਲਾਂਟ ਨੂੰ ਚਲਾਉਣ ਲਈ ਰੱਖੇ ਗਏ ਸਟਾਫ ਦਾ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਨਾਲ ਕੋਈ ਮੁਲਾਜਮ / ਰੋਜਗਾਰਦਾਤਾ ਸਬੰਧ ਨਹੀ ਹੋਵੇਗਾ।

ਉਪ ਮੰਡਲ ਇੰਜੀਨੀਅਰ
ਜਲ ਸਪਲਾਈ ਅਤੇ ਸੈਨੀਟੇਸ਼ਨ
ਉਪ ਮੰਡਲ ਨੰ 1 ਮੋਗਾ।

ਪਿੱਠ ਅੰਕਣ ਨੰ 400-407 ਮਿਤੀ 19/4/2023

ਉਕਤ ਦੀ ਨਕਲ ਹੇਠ ਦਰਜ ਨੂੰ ਸੂਚਨਾ ਅਤੇ ਅੰਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ :-

1. ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ - 1 ਮੋਗਾ।
2. ਉਪ ਮੰਡਲ ਇੰਜੀਨੀਅਰ ਜਲ ਸਪਲਾਈ ਅਤੇ ਸੈਨੀਟੇਸ਼ਨ ਉਪ ਮੰਡਲ ਧਰਮਕੋਟ।
3. ਉਪ ਮੰਡਲ ਇੰਜੀਨੀਅਰ ਜਲ ਸਪਲਾਈ ਅਤੇ ਸੈਨੀਟੇਸ਼ਨ ਉਪ ਮੰਡਲ - 2 ਮੋਗਾ।
4. ਉਪ ਮੰਡਲ ਇੰਜੀਨੀਅਰ ਜਲ ਸਪਲਾਈ ਅਤੇ ਸੈਨੀਟੇਸ਼ਨ ਉਪ ਮੰਡਲ ਨਿਹਾਲ ਸਿੰਘ ਵਾਲਾ।
5. ਉਪ ਮੰਡਲ ਇੰਜੀਨੀਅਰ ਜਲ ਸਪਲਾਈ ਅਤੇ ਸੈਨੀਟੇਸ਼ਨ ਉਪ ਮੰਡਲ ਬਾਘਾਪੁਰਾਣਾ।
6. ਨੋਟਿਸ ਬੋਰਡ।
7. ਸਮੂਹ ਠੇਕੇਦਾਰ।
8. ਸਮੂਹ ਕਾਪ੍ਰੇਟਿਵ ਸੁਸਾਇਟੀ।

ਉਪ ਮੰਡਲ ਇੰਜੀਨੀਅਰ
ਜਲ ਸਪਲਾਈ ਅਤੇ ਸੈਨੀਟੇਸ਼ਨ
ਉਪ ਮੰਡਲ ਨੰ 1 ਮੋਗਾ।